# ਬਿਲਡਿੰਗ ਦੇ ਦੌਰੇ ਦੀ ਰੂਪ-ਰੇਖਾ

## ਅਲਬਰਟਾ ਵਿਧਾਨ ਸਭਾ

### ਵਿਧਾਨ ਸਭਾ ਦੀ ਬਿਲਡਿੰਗ

- 1905 'ਚ ਐਲਬਰਟਾ ਕੈਨੇਡਾ ਦਾ ਸੂਬਾ ਬਣਿਆ । 1907 ਤੋਂ 1912 ਦੌਰਾਨ ਐਡਮਿੰਟਨ ਦੇ ਪੁਰਾਣੇ ਕਿਲੇ ਕੋਲ਼ ਵਿਧਾਨ ਸਭਾ ਦੀ ਇਮਾਰਤ ਦਾ ਨਿਰਮਾਣ ਹੋਇਆ।
- ਇਮਾਰਤ ਬੋ-ਕੋਮਲਕਲਾ ਦੀ ਫਬੀਲੀ ਸ਼ੈਲੀ ਦੀ ਤਰਜ਼ ਤੇ ਬਣਾਈ ਗਈ ਜੋ ਕਿ 20ਵੀਂ ਸਦੀ ਦੇ ਸ਼ੁਰੂ 'ਚ ਬਹੁਤ ਪ੍ਰਚੱਲਿਤ ਸੀ, ਅਤੇ ਇਸੇ ਸਮੇਂ ਦੋਰਾਨ ਕੈਨੇਡਾ ਤੇ ਅਮਰੀਕਾ 'ਚ ਬਣਾਈਆਂ ਗਈਆਂ ਹੋਰ ਪ੍ਰਮੁੱਖ ਇਮਾਰਤਾਂ ਨਾਲ ਮਿਲਦੀ ਜੁਲਦੀ ਹੈ ।
- ਇਮਾਰਤ ਦੇ ਬਾਹਰਲੇ ਹਿੱਸੇ 'ਚ ਦੋ ਕਿਸਮ ਦੇ ਪੱਥਰ ਲੱਗੇ ਹਨ। ਹੇਠਲੇ ਹਿੱਸੇ 'ਚ ਕੈਨੇਡਾ ਦੇ ਵੈਨਕੂਵਰ ਟਾਪੂ ਦਾ ਗ੍ਰੇਨਾਈਟ ਤੇ ਉੱਪਰਲੇ ਹਿੱਸੇ ਅਤੇ ਥੰਮਾਂ ਵਿਚ ਕੈਲਗਰੀ (ਅਲਬਰਟਾ) ਨੇੜਿਓਂ, ਅਤੇ ਓਹਾਇਓ (ਅਮਰੀਕਾ) ਤੋਂ ਲਿਆਂਦਾ ਬਲੂਆ-ਪੱਥਰ ਵਰਤਿਆ ਗਿਆ ।

### ਗੁਮਟੀ (ਦੂਜੀ ਮੰਜ਼ਿਲ)

- ਗੁਮਟੀ ਵਿਚ ਕਿਊਬੈਕ (ਕੈਨੇਡਾ) ਤੋਂ ਲਿਆਂਦਾ 2000 ਟਨ ਤੋਂ ਵੀ ਵੱਧ ਸੰਗਮਰਮਰ ਵਰਤਿਆ ਗਿਆ । ਹਰੇਕ ਮਜ਼ਬੂਤ ਥੰਮ 16 ਟਨ ਵਜ਼ਨ ਦਾ ਹੈ । ਮੌਜੂਦਾ ਫ਼ਵਾਰਾ 1959 'ਚ ਮਹਾਰਾਣੀ ਅਲਿਜ਼ਾਬਿਥ II (ਕੈਨੇਡਾ ਦੀ ਵੀ ਮਹਾਰਾਣੀ) ਅਤੇ ਰਾਸ਼ਟਰੀ-ਸੰਘ ਦੇ ਮੁਖੀ, ਦੀ ਪਹਿਲੀ ਸਰਕਾਰੀ ਫੇਰੀ ਦੀ ਯਾਦ ਵਿੱਚ ਬਣਾਇਆ ਗਿਆ ।
- ਗੁਮਟੀ ਦੇ ਆਲੇ-ਦੁਆਲੇ ਰੈਜੀਮੈਂਟਾਂ ਦੇ ਪਹਿਚਾਨ-ਨਿਸ਼ਾਨ, ਜੋ ਵੇਖਣ ਨੂੰ ਝੰਡਿਆਂ ਵਰਗੇ ਲਗਦੇ ਹਨ, ਅਲਬਰਟਾ ਦੀਆਂ ਉਨ੍ਹਾਂ ਰੈਜੀਮੈਂਟਾਂ ਦੇ ਪ੍ਰਤੀਕ ਹਨ ਜਿਨ੍ਹਾਂ ਨੇ ਕੈਨੇਡਾ ਲਈ ਜੰਗਾਂ 'ਚ ਸੇਵਾ ਨਿਭਾਈ ।
- ਰੋਲ ਆਫ ਆਨਰ 'ਚ ਸੂਬੇ ਦੇ ਉਨ੍ਹਾਂ ਸਰਕਾਰੀ ਅਫ਼ਸਰਾਂ ਦੇ ਨਾਮ ਦਰਜ ਹਨ ਜਿਨ੍ਹਾਂ ਨੇ ਸੰਸਾਰ-ਯੁੱਧਾਂ ਵਿਚ ਹਿੱਸਾ ਲਿਆ। ਯਾਦਗਾਰੀ ਤਖ਼ਤੀਆਂ ਉੱਤੇ ਯੁਧ 'ਚ ਸ਼ਹੀਦ ਹੋਣ ਵਾਲਿਆਂ ਦੇ ਨਾਮ ਦਰਜ ਹਨ ।
- ਗੁਮਟੀ ਦੀ ਉੱਤਰ-ਪੱਛਮੀ ਦਿਸ਼ਾ 'ਚ ਮਹਾਰਾਣੀ ਵਿਕਟੋਰੀਆ ਦੀ ਚੌਥੀ ਬੇਟੀ, ਸ਼ਹਿਜ਼ਾਦੀ ਲੂਈਸ ਕੈਰੋਲੀਨ ਅਲਬਰਟਾ ਦੀ ਮੂਰਤੀ ਹੈ, ਜਿਸ ਦੇ ਨਾਮ ਤੇ ਸੂਬੇ ਦਾ ਨਾਮ 'ਅਲਬਰਟਾ' ਰੱਖਿਆ ਗਿਆ ਸੀ।
- ਗੁਮਟੀ ਦੀ ਉੱਤਰ-ਪੂਰਬੀ ਦਿਸ਼ਾ 'ਚ ਮੁਖੀ ਕਰੋਫੁੱਟ ਦੀ ਮੂਰਤੀ ਹੈ ਜਿਸ ਨੇ 19ਵੀਂ ਸਦੀ ਦੇ ਅਖੀਰਲੇ ਹਿੱਸੇ 'ਚ ਪੱਛਮੀ-ਕੈਨੇਡਾ ਦੇ ਸ਼ਾਂਤਮਈ ਸਮਝੌਤੇ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ ।
- ਵਿਧਾਨ ਸਭਾ ਦੀ ਲਾਇਬ੍ਰੇਰੀ (ਵੱਡੀਆਂ ਪੌੜੀਆਂ ਤੋਂ ਪਾਰ) 1906 'ਚ ਸਥਾਪਿਤ ਕੀਤੀ ਗਈ, ਅਤੇ ਕਿਸੇ ਸਮੇਂ ਇਹ ਅਲਬਰਟਾ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਸੀ । ਇਹ ਆਮ ਜਨਤਾ ਲਈ ਖੁੱਲੀ ਹੈ, ਪਰ ਅੱਜਕਲ ਇਸਦੀ ਵਰਤੋਂ ਜ਼ਿਆਦਾਤਰ ਵਿਧਾਨ ਸਭਾ ਦੇ ਮੈਂਬਰ ਅਤੇ ਸੂਬੇ ਦੇ ਸਰਕਾਰੀ ਅਫ਼ਸਰਾਂ ਵੱਲੋਂ ਸੰਦਰਭ-ਖੋਜ ਲਾਇਬ੍ਰੇਰੀ ਦੇ ਤੌਰ ਤੇ ਕੀਤੀ ਜਾਂਦੀ ਹੈ ।

### ਤੀਜੀ ਮੰਜ਼ਿਲ

- ਵੱਡੀਆਂ ਪੌੜੀਆਂ ਦੇ ਸਿਖਰ ਤੇ ਵਿਧਾਨ ਸਭਾ ਦੇ ਸਦਨ ਲਈ ਮੁੱਖ ਦਰਵਾਜ਼ੇ ਹਨ । ਦਰਵਾਜ਼ਿਆਂ ਤੇ ਬੇਲੀਜ਼ ਤੋਂ ਲਿਆਂਦੀ ਲਾਲ ਮਹੋਗਨੀ ਦੀ ਮਜ਼ਬੂਤ ਲਕੜੀ ਉੱਤੇ ਹੱਥੀਂ ਨਕਾਸ਼ੀ ਕੀਤੀ ਗਈ ।
- ਦਰਵਾਜ਼ਿਆਂ ਤੋਂ ਉੱਪਰ 'ਅਲਬਰਟਾ ਕੋਰਟ ਆਫ ਆਰਮਜ਼' ਵੀ ਮਹੋਗਨੀ ਦਾ ਹੈ ਜਿਸ ਉੱਪਰ ਨੱਕਾਸ਼ੀ ਕਰਨ ਨੂੰ ਲਗਭਗ 500 ਘੰਟੇ ਲੱਗੇ ।

#### ਅਲਬਰਟਾ ਦੇ ਮੁੱਖ-ਮੰਤਰੀਆਂ ਦੇ ਚਿੱਤਰ

- ਦੱਖਣੀ-ਪੂਰਬੀ ਕੰਧਾਂ ਤੇ ਅਲਬਰਟਾ ਦੇ ਸਾਬਕਾ ਮੁੱਖ-ਮੰਤਰੀਆਂ ਦੇ ਲੱਗੇ ਹੋਏ ਚਿੱਤਰਾਂ ਦੀ ਭਿੰਨ-ਭਿੰਨ ਸ਼ੈਲੀ ਹਰੇਕ ਮੁੱਖ-ਮੰਤਰੀ ਦੀ ਨਿੱਜੀ ਪਸੰਦ ਨੂੰ ਉਜਾਗਰ ਕਰਦੀ ਹੈ।
- ਚਿੱਤਰਾਂ ਦੇ ਸੰਗ੍ਰਹਿ 'ਚ ਅਲਬਰਟਾ ਦੇ ਪਹਿਲੇ ਮੁੱਖ-ਮੰਤਰੀ ਅਲੈਗਜ਼ੈਂਡਰ ਰੁਦਰਫੋਰਡ ਦਾ ਚਿੱਤਰ ਹੈ, ਜਿਨ੍ਹਾਂ ਨੇ ਅਲਬਰਟਾ ਦੇ ਵਿਸ਼ਵ-ਵਿੱਦਿਆਲਾ ਦੀ ਸਥਾਪਨਾ ਕੀਤੀ, ਅਤੇ ਅਰਨੈਸਟ ਮੈਨਿੰਗ ਦਾ ਚਿੱਤਰ ਹੈ, ਜੋ ਸਭ ਤੋਂ ਲੰਮੇ ਸਮੇਂ ਲਈ, 25 ਸਾਲ (1943 ਤੋਂ 1968 ਤੱਕ), ਅਲਬਰਟਾ ਦੇ ਮੁੱਖ-ਮੰਤਰੀ ਰਹੇ ।

#### ਅਲਬਰਟਾ ਦੇ ਲੈਫਟੀਨੈਂਟ ਗਵਰਨਰਾਂ ਦੇ ਚਿੱਤਰ

- ਉੱਤਰ-ਪੱਛਮੀ ਕੰਧ ਉੱਤੇ ਅਲਬਰਟਾ ਦੇ ਸਾਬਕਾ ਲੈਫਟੀਨੈਂਟ ਗਵਰਨਰਾਂ ਦੇ ਚਿੱਤਰ ਸਜਾਏ ਗਏ ਹਨ।ਲੈਫਟੀਨੈਂਟ ਗਵਰਨਰ ਸੂਬੇ 'ਚ ਮਹਾਰਾਣੀ ਦੇ ਨੁਮਾਇੰਦੇ ਹੁੰਦੇ ਹਨ, ਅਤੇ ਵਿਧਾਨ ਸਭਾ ਦੁਆਰਾ ਪਾਸ ਕੀਤੇ ਕਾਨੂੰਨਾਂ ਨੂੰ ਸ਼ਾਹੀ-ਮੰਜ਼ੂਰੀ ਦਿੰਦੇ ਹਨ।
- ਚਿੱਤਰਾਂ ਵਿੱਚ ਬਰਤਾਨਵੀ ਸਿਵਿਲ ਵਰਦੀ ਸੋਨੇ ਦੀ ਡੋਰੀ ਨਾਲ ਸਜਾਈ ਗਈ ਹੈ, ਜਿਸ ਵਿਚੱ 11 ਤੋਂ 19 ਕੈਰਟ ਦੀ ਸੋਨ-ਚੜ੍ਹੀ ਤਾਰ ਲੱਗੀ ਹੈ, ਜਿਸ ਦਾ ਵਜ਼ਨ ਤਕਰੀਬਨ 12 ਕਿੱਲੋਗ੍ਰਾਮ ਹੈ ।
- ਚਿੱਤਰਾਂ ਵਿੱਚ ਆਦਿਵਾਸੀ ਭਾਈਚਾਰੇ 'ਚੋਂ ਪਹਿਲੇ ਲੈਫਟੀਨੈਂਟ ਗਵਰਨਰ ਸਨਮਾਨਯੋਗ ਰੈਲਫ ਸਟਾਈਨਹਾਵਰ (1974-79), ਅਤੇ ਅਲਬਰਟਾ ਦੀ ਪਹਿਲੀ ਮਹਿਲਾ ਲੈਫਟੀਨੈਂਟ ਗਵਰਨਰ ਸਨਮਾਨਯੋਗ ਹੈਲੈਨ ਹਨਲੀ (1985-91) ਦੇ ਚਿੱਤਰ ਵੀ ਹਨ ।

**Tour Outline**


**Visitor Services**

Legislative Assembly of Alberta

Pedway Mall
10820-98th Avenue
Edmonton, Alberta
Canada T5K 2N6

Phone: (780) 427-7362
Fax: (780) 427-0980
Email: Visitorinfo@assembly.ab.ca

www.assembly.ab.ca



Printed under the authority of the Speaker of the Legislative Assembly of Alberta.

### ਸ਼ਾਹੀ ਗੁਰਜ ਦਾ ਪਾਰਦਰਸ਼ੀ ਬਕਸਾ

- ਸ਼ਾਹੀ ਗੁਰਜ ਵਿਧਾਨ ਸਭਾ ਦਾ ਕਾਨੂੰਨ ਬਣਾਉਣ ਦੇ ਅਧਿਕਾਰ ਦਾ ਪ੍ਰਤੀਕ ਹੈ, ਅਤੇ ਵਿਧਾਨ ਸਭਾ 'ਚ ਬੈਠਣ ਤੇ ਹਰ ਰੋਜ਼ ਸਦਨ 'ਚ ਲਿਆਇਆ ਜਾਂਦਾ ਹੈ । ਅਲਬਰਟਾ ਦਾ ਪਹਿਲਾ ਸ਼ਾਹੀ ਗੁਰਜ (ਪਾਰਦਰਸ਼ੀ ਬਕਸੇ ਦੇ ਉੱਪਰਲੇ ਹਿੱਸੇ) ਕਾਹਲੀ ਵਿੱਚ ਅਲੱਗ-ਅਲੱਗ ਟੁੱਟੀ-ਭੱਜੀ ਸਮਗ੍ਰੀ ਤੋਂ ਬਣਾਇਆ ਗਿਆ ਸੀ, ਅਤੇ ਹੋਇਆ ਇਹ ਕਿ ਇਹ 50 ਸਾਲ ਵਰਤਿਆ ਜਾਂਦਾ ਰਿਹਾ ।
- ਅਲਬਰਟਾ ਦਾ ਮੌਜੂਦਾ ਸ਼ਾਹੀ ਗੁਰਜ (ਪਾਰਦਰਸ਼ੀ ਬਕਸੇ ਦੇ ਹੇਠਲੇ ਹਿੱਸੇ 'ਚ) 1955 'ਚ ਬਣਾਇਆ ਗਿਆ ਸੀ । ਇਹ 5.7 ਕਿੱਲੋਗ੍ਰਾਮ (200 ਔਂਸ), ਸੋਨੇ ਦੀ ਪਰਤ-ਚੜ੍ਹੀ ਚਾਂਦੀ ਦਾ ਬਣਿਆ ਹੈ, ਜਿਸਦੇ ਉੱਪਰ ਅਲਬਰਟਾ ਦੇ ਜੰਗਲੀ ਗੁਲਾਬਾਂ ਅਤੇ ਹੋਰ ਚਿੰਨਾਂ ਨੂੰ ਹੱਥ ਨਾਲ ਉਕੇਰਿਆ ਗਿਆ ਹੈ ।
- ਰਸਮੀ ਕਿਰਪਾਨ ਕਾਂਸੀ ਅਤੇ ਸਟੀਲ ਦੀ ਬਣੀ ਹੋਈ ਹੈ । 1987 'ਚ ਨਵੀਂ ਕਿਰਪਾਨ ਭੇਂਟ ਵੱਜੋਂ ਆਉਣ ਤੱਕ, ਇਹ 'ਸਾਰਜੈਂਟ ਐਟ ਆਰਮਜ਼' ਜੋ ਸਦਨ ਅਤੇ ਗਲਿਆਰਿਆਂ ਦੀ ਸੁਰੱਖਿਆ ਦਾ ਜ਼ਿੰਮੇਦਾਰ ਹੈ, ਵੱਲੋਂ ਪਹਿਨੀ ਜਾਂਦੀ ਰਹੀ ।
- ਕਾਲੀ ਰਾਡ ਜਿਸ ਨੂੰ (1998) 'ਚ ਰੁਆਇਲ ਲੀਜਨ ਨੇ ਭੇਂਟ ਕੀਤਾ ਸੀ, 'ਸਾਰਜੈਂਟ ਐਟ ਆਰਮਜ਼' ਵੱਲੋਂ ਲੈਫਟੀਨੈਂਟ ਗਵਰਨਰ ਦੀ ਸਦਨ ਤਕ ਰੱਖਿਆ ਲਈ ਨਾਲ ਜਾਂਦੇ ਸਮੇਂ ਵਰਤੀ ਜਾਂਦੀ ਸੀ । ਇਸ ਦੀ ਖਾਸੀਅਤ ਇਹ ਹੈ ਕਿ ਇਸ ਵਿੱਚ ਸ਼੍ਰੀਲੰਕਾ ਤੋਂ ਆਬਨੂਸ ਦੀ ਲਕੜੀ, ਸਟਰਲਿੰਗ-ਚਾਂਦੀ, ਅਤੇ ਬਰਤਾਨੀਆਂ ਦੀ ਸੰਸਦ ਵੱਲੋਂ ਭੇਂਟ ਕੀਤਾ 1905 ਸੰਨ ਦਾ ਬਰਤਾਨੀਆਂ ਦਾ ਸੋਨੇ ਦਾ ਸਿੱਕਾ ਸੰਮਿਲਤ ਹਨ ।

## ਚੌਥੀ ਮੰਜ਼ਿਲ

- ਦੱਖਣੀ ਕੰਧ ਤੇ ਸ਼ਹਿਨਸ਼ਾਹ ਜਾਰਜ ਪੰਜਵੇਂ ਅਤੇ ਮਹਾਰਾਣੀ ਮੈਰੀ ਦੇ ਚਿੱਤਰ ਸਜਾਏ ਹੋਏ ਹਨ । ਜਦ ਵਿਧਾਨ-ਸਭਾ ਦੀ ਇਮਾਰਤ ਪਹਿਲੀ ਵਾਰ ਖੋਲ੍ਹੀ ਗਈ ਤਾਂ ਉਨ੍ਹਾਂ ਦਾ ਰਾਜਕਾਲ ਸੀ ।
- ਉੱਤਰੀ ਕੰਧ ਉੱਤੇ ਵਿਧਾਨ-ਸਭਾ ਦੇ ਸਾਬਕਾ ਸਭਾਪਤੀਆਂ, ਅਤੇ ਉੱਤਰ-ਪੱਛਮੀ ਖੇਤਰ, ਸੂਬਾ ਬਣਨ ਤੋਂ ਪਹਿਲਾਂ ਅਲਬਰਟਾ ਜਿਸ ਦਾ ਹਿੱਸਾ ਸੀ, ਦੇ ਲੈਫਟੀਨੈਂਟ ਗਵਰਨਰਾਂ ਦੇ ਚਿੱਤਰ ਸੁਸ਼ੋਭਿਤ ਹਨ ।

### ਵਿਧਾਇਕ ਸਭਾ ਭਵਨ

- ਗੈਲਰੀਆਂ, ਜਿਨ੍ਹਾਂ ਤੋਂ ਸਦਨ ਦੀ ਕਾਰਵਾਈ ਵੇਖੀ ਜਾ ਸਕਦੀ ਹੈ, ਆਮ ਜਨਤਾ ਲਈ ਲੌਢੇ-ਵੇਲੇ ਅਤੇ ਸ਼ਾਮ ਦੇ ਸੈਸ਼ਨਾਂ ਸਮੇਂ ਖੁੱਲਦੀਆਂ ਹਨ, ਅਤੇ ਇਨ੍ਹਾਂ 'ਚ ਲਗਭਗ 215 ਵਿਅਕਤੀ ਬੈਠ ਸਕਦੇ ਹਨ ।
- ਸਦਨ ਦੀ ਛੱਤ ਲਗਭਗ 600 ਬਲਬਾਂ ਨਾਲ ਪ੍ਰਕਾਸ਼ਮਾਨ ਕੀਤੀ ਜਾਂਦੀ ਹੈ।
- ਚੁਣੇ ਗਏ ਸਦੱਸ ਸਦਨ ਦੇ ਦੋਵੇਂ ਪਾਸੇ ਲੱਗੇ ਡੈਸਕਾਂ ਤੇ ਬਿਰਾਜਮਾਨ ਹੁੰਦੇ ਹਨ। ਸਭ ਤੋਂ ਵੱਧ ਨੁਮਾਇੰਦਿਆਂ ਵਾਲਾ ਰਾਜਨੀਤਿਕ ਦਲ ਸਰਕਾਰ ਬਣਾਉਂਦਾ ਹੈ, ਅਤੇ ਬਾਕੀ ਸਭ ਵਿਰੋਧੀ ਦਲ ਦੇ ਤੌਰ ਤੇ ਬੈਠਦੇ ਹਨ। ਹਰੇਕ ਡੈਸਕ ਤੇ ਇਕ ਮਾਈਕ ਲੱਗਾ ਹੁੰਦਾ ਹੈ ਜਿਸ ਦੀ ਵਰਤੋਂ ਕਾਰਵਾਈ ਦਾ ਪ੍ਰਸਾਰਨ ਕਰਨ ਲਈ, ਅਤੇ ਪਬਲਿਕ ਰੀਕਾਰਡ ਨੂੰ 'ਅਲਬਰਟਾ ਹੈਂਸਰਡ' ਕਹੇ ਜਾਣ ਵਾਲੇ ਪ੍ਰਕਾਸ਼ਨ ਵਿੱਚ ਛਾਪਣ ਲਈ ਕੀਤੀ ਜਾਂਦੀ ਹੈ। ਵਿਧਾਨ ਸਭਾ ਦੀ ਕਾਰਵਾਈ ਦਾ ਟੀ.ਵੀ. ਪ੍ਰਸਾਰਨ 1972 ਤੋਂ ਸ਼ੁਰੂ ਹੋਇਆ ਸੀ ।
- ਕੰਧ ਤੇ ਲੱਗੇ ਚਿੱਤਰ ਮਹਾਰਾਣੀ ਅਲਿਜ਼ਾਬਿਥ II ਅਤੇ ਪ੍ਰਿੰਸ ਫਿਲਿਪ, ਡਿਊਕ ਆਫ਼ ਐਡਨਬਰਾ ਦੇ ਹਨ । ਸਦਨ ਦਾ ਹਰਾ ਸੰਗਮਰਮਰ ਪੈਨਸਿਲਵੇਨੀਆਂ, ਅਮਰੀਕਾ ਤੋਂ ਹੈ।
- ਦੱਖਣੀ ਸਿਰੇ ਤੇ ਸਭਾਪਤੀ ਦੀ ਕੁਰਸੀ ਅਤੇ ਚੰਦੋਆ ਹੈ। ਸਪੀਕਰ ਸਦਨ ਦਾ ਉਹ ਮੈਂਬਰ ਹੁੰਦਾ ਹੈ ਜਿਸ ਨੂੰ ਸਦਨ ਦੇ ਸਾਰੇ ਮੈਂਬਰ ਗੁਪਤ ਮੱਤਦਾਨ ਰਾਹੀਂ ਵਿਧਾਨ ਸਭਾ ਦੀਆਂ ਬੈਠਕਾਂ ਦੋਰਾਨ ਬਹਿਸ ਦੀ ਪ੍ਰਧਾਨਗੀ ਕਰਨ ਲਈ ਚੁਣ ਲੈਂਦੇ ਹਨ ।
- ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਸਭਾਪਤੀ ਦੀ ਕੁਰਸੀ ਦੇ ਸਾਹਮਣੇ ਮੇਜ਼ ਉੱਤੇ ਸ਼ਾਹੀ ਗੁਰਜ ਰੱਖਿਆ ਜਾਂਦਾ ਹੈ, ਅਤੇ ਉੱਸੇ ਸਥਾਨ ਤੇ ਵਿਧਾਨ ਸਭਾ ਦੇ ਕੰਮ-ਕਾਜ 'ਚ ਸਹਿਯੋਗ ਦੇਣ ਲਈ ਅਫ਼ਸਰ ਬੈਠਦੇ ਹਨ ।

## ਪੰਜਵੀਂ ਮੰਜ਼ਿਲ

- 'ਕੈਰਿਲੌਨ' ਕਮਰਾ ਜੋ ਹੁਣ ਮੀਟਿੰਗ ਸਥਾਨ ਵਜੋਂ ਵਰਤਿਆ ਜਾਂਦਾ ਹੈ ਪਹਿਲਾਂ 'ਕੈਰਿਲੌਨ' ਦਾ ਕਮਰਾ ਸੀ, ਜਿਸ ਨੂੰ 1967 ਚ ਕੈਨੇਡਾ ਦੇ ਸ਼ਤਾਬਦੀ ਸਮਾਰੋਹ ਦੋਰਾਨ ਸਥਾਪਿਤ ਕੀਤਾ ਗਿਆ ਸੀ । 1967 ਤੋਂ ਪਹਿਲਾਂ ਇਸ ਕਮਰੇ ਦੀ ਵਰਤੋਂ ਸੂਬੇ ਦੇ ਅਜਾਇਬਘਰ ਦੇ ਤੌਰ ਤੇ ਕੀਤੀ ਜਾਂਦੀ ਸੀ । ਇਸ ਕਮਰੇ ਵਿੱਚ ਵਰਤਿਆ ਰੰਗ-ਬਿਰੰਗਾ ਸ਼ੀਸ਼ਾ, ਅਤੇ ਸਦਨ ਵਿੱਚ ਲੱਗਾ ਹੋਇਆ ਸ਼ੀਸ਼ਾ ਇੱਕੋ ਕਿਸਮ ਦਾ ਹੈ । ਸੱਚੇ ਰਾਹੀਂ ਪਲਾਸਟਰ ਦਾ ਬਣਿਆ 'ਆਂਡਾ ਅਤੇ ਤੀਰ' ਦਾ ਚਿੱਤਰ ਤੁਸੀਂ ਦੇਖ ਸਕਦੇ ਹੋ, ਜੋ ਪ੍ਰਾਚੀਨ ਯੂਨਾਨ 'ਚ ਜੀਵਨ ਅਤੇ ਮੌਤ ਦੇ ਚੱਕਰ ਦਾ ਪ੍ਰਤੀਕ ਸੀ ।
- ਮੰਜ਼ਿਲ ਦੇ ਓੱਤਰੀ ਪਾਸੇ ਇੱਕ ਅਦਿਭੁਤ-ਧੁਨੀ ਸਥਾਨ ਹੈ ਜਿਸ ਨੂੰ 'ਮੈਜਿਕ ਸਪੌਟ' ਕਹਿੰਦੇ ਹਨ । ਥੱਲੇ ਗੁਮਟੀ ਦੇ ਫ਼ੱਵਾਰੇ ਦੇ ਪਾਣੀ ਦੀ ਅਵਾਜ਼ ਵੱਡੀਆਂ ਪੌੜੀਆਂ ਅਤੇ ਗੁਬੰਦ ਤੋਂ ਪਰਤ ਕੇ ਆਉਂਦੀ ਹੈ, ਪਰ ਲਗਦਾ ਇਵੇਂ ਹੈ ਮਨੋ ਸੁਣਨ ਵਾਲੇ ਦੇ ਉੱਪਰ ਤੋਂ ਆ ਰਹੀ ਹੋਵੇ ।
- ਪੂਰਬੀ ਪਾਸੇ ਪ੍ਰਵੇਸ਼ ਦੇ ਨੇੜੇ ਅਲਬਰਟਾ ਦੀਆਂ 5 ਮਸ਼ਹੂਰ ਔਰਤਾਂ ਦੇ ਚਿੱਤਰ ਹਨ। ਇਨ੍ਹਾਂ ਔਰਤਾਂ ਦਾ 1929 'ਚ ਕੈਨੇਡਾ ਦੇ ਕਾਨੂੰਨ ਵਿੱਚ ਇਹ ਤਬਦੀਲੀ ਲਿਆਉਣ 'ਚ ਵੱਡਾ ਯੋਗਦਾਨ ਸੀ ਕਿ ਔਰਤਾਂ ਨੂੰ ਵੀ 'ਹੱਕਾਂ ਅਤੇ ਵਿਸ਼ੇਸ਼-ਅਧਿਕਾਰਾਂ' ਸੰਬੰਧੀ ਵਿਅਕਤੀ ਦੇ ਤੌਰ ਤੇ ਮੰਨਿਆ ਜਾਵੇ।
- 1917 ਵਿੱਚ ਰੋਬਰਟਾ ਮੈਕਐਡਮਜ਼ ਸਮੁੰਦਰੋਂ-ਪਾਰ ਗਏ ਹੋਏ ਫੌਜੀਆਂ ਦੇ ਪ੍ਰਤਿਨਿਧਿਆਂ ਚੋਂ ਇੱਕ ਪ੍ਰਤਿਨਿਧ ਦੇ ਤੌਰ ਤੇ ਅਲਬਰਟਾ ਦੀ ਵਿਧਾਨ ਸਭਾ ਲਈ ਚੁਣੀ ਗਈ । ਬਰਤਾਨਵੀ ਸਲਤਨੱਤ ਵਿੱਚ ਉਹ ਪਹਿਲੀਆਂ ਔਰਤਾਂ ਚੋਂ ਸੀ ਜੋ ਪਾਰਲੀਮੈਂਟ ਦੀਆਂ ਮੈਂਬਰ ਬਣੀਆਂ । ਇਸ ਪਦ-ਪ੍ਰਾਪਤੀ ਦੀ ਸਾਂਝ ਉਸ ਨਾਲ ਲੂਇਸ ਮੈਕਿੰਨੀ ਨੇ ਕੀਤੀ । ਅਪਣੇ ਛੋਟੇ ਜਿਹੇ ਸੇਵਾ-ਕਾਲ ਦੌਰਾਨ ਵਿਚਾਰ ਲਈ ਕੋਈ ਬਿੱਲ ਪੇਸ਼ ਕਰਨ ਵਾਲੀ ਉਹ ਬਰਤਾਨਵੀ ਸਲਤਨੱਤ 'ਚ ਪਹਿਲੀ ਔਰਤ ਬਣੀ । ਮੈਕਐਡਮਜ਼ ਨੇ 1921 ਤੱਕ ਸੇਵਾ ਨਿਭਾਈ ।
- ਗੁਬੰਦ ਦੇ ਸਿਖਰ ਤੇ ਤਾੜ ਦੇ ਪੰਜ ਦਰੱਖਤ ਹਨ, ਜਿਨ੍ਹਾਂ ਨੂੰ ਉਨ੍ਹਾਂ ਬੀਜਾਂ ਤੋਂ ਉਗਾਇਆ ਗਿਆ ਜੋ 1932 'ਚ ਵਿਧਾਨ ਸਭਾ ਨੂੰ ਅਮਰੀਕਾ ਦੇ ਕੈਲੇਫੋਰਨੀਆਂ ਪ੍ਰਾਂਤ ਨੇ ਭੇਂਟ ਕੀਤੇ ਸਨ ।